# ਸ਼ੇਖ ਫ਼ਰੀਦ - ਸਬਦ ੬੬

## ਜਾਂ ਕੁਆਰੀ ਤਾ ਚਾਉ ਵੀਵਾਹੀ ਤਾਂ ਮਾਮਲੇ ॥

## ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੧

ਜਾਂ ਕੁਆਰੀ ਤਾ ਚਾਉ ਵੀਵਾਹੀ ਤਾਂ ਮਾਮਲੇ ॥
ਫਰੀਦਾ ਏਹੋ ਪਛੋਤਾਉ ਵਤਿ ਕੁਆਰੀ ਨ ਥੀਐ ॥੬੩॥

ਸਾਰ: ਹਰ ਲਗਾਵ ਦੀ ਇਕ ਕੀਮਤ ਹੁੰਦੀ ਹੈ, ਜੋ ਅਕਸਰ ਸਾਡੀ ਅੰਤਰੀਵੀ ਆਜ਼ਾਦੀ ਨਾਲ ਮਾਪੀ ਜਾਂਦੀ ਹੈ। ਜਾਣ-ਪਛਾਣ ਵਜੋਂ ਸ਼ੁਰੂ ਹੋਇਆ ਰਿਸ਼ਤਾ, ਨਿਰਭਰਤਾ ਅਤੇ ਅੰਤ ਡਰ ਵਿਚ ਬਦਲ ਸਕਦਾ ਹੈ, ਜਿਸ ਨਾਲ ਲਗਾਵ ਪੈਦਾ ਹੁੰਦਾ ਹੈ। ਇਸ ਨਾਲ ਸਾਡਾ ਬੇਪ੍ਰਵਾਹੀ ਵਾਲਾ ਵਤੀਰਾ ਧੁੰਦਲਾ ਪੈਣ ਲੱਗਦਾ ਹੈ, ਅਤੇ ਅਸੀਂ ਆਪਣੀਆਂ ਹਰਮਨ ਪਿਆਰੀਆਂ ਵਸਤਾਂ ਨੂੰ ਸੰਭਾਲਣ, ਅਤੇ ਸੁਰੱਖਿਅਤ ਕਰਨ ਵਿਚ ਜੁੱਟ ਜਾਂਦੇ ਹਾਂ। ਖੁਸ਼ੀ ਹੁਣ ਸਹਿਜ ਵਰਤਾਰਾ ਨਹੀਂ ਰਹਿੰਦੀ, ਇਹ ਨਤੀਜਿਆਂ, ਪ੍ਰਾਪਤੀਆਂ ਅਤੇ ਨਿਯੰਤਰਣ ਦੀ ਦੌੜ ਵਿਚ ਖਚਤ ਹੋਣ ਲੱਗਦੀ ਹੈ। ਨਿਰਲੇਪਤਾ ਦਾ ਭਾਵ ਦਇਆ ਦੀ ਕਮੀ ਨਹੀਂ, ਸਗੋਂ ਇਹ ਉਹ ਸਮਰੱਥਾ ਹੈ ਜਿਸ ਨਾਲ ਅਸੀਂ ਬਿਨਾਂ ਅਧਿਕਾਰ ਜਤਾਏ ਪਿਆਰ ਕਰ ਸਕਦੇ ਹਾਂ। ਇਸ ਦ੍ਰਿਸ਼ਟੀਕੋਣ ਨੂੰ ਧਾਰਨ ਕੀਤਿਆਂ ਜੀਵਨ ਨੂੰ ਵਧੇਰੇ ਭਰਪੂਰਤਾ ਅਤੇ ਆਜ਼ਾਦਾਨਾ ਕੀਮਤਾਂ ਨਾਲ ਸਰਸ਼ਾਰ ਕੀਤਾ ਜਾ ਸਕਦਾ ਹੈ।

ਜਾਂ ਕੁਆਰੀ ਤਾ ਚਾਉ ਵੀਵਾਹੀ ਤਾਂ ਮਾਮਲੇ ॥
ਇਕੱਲਿਆਂ ਇੱਛਾਵਾਂ ਦਾ ਜਾਲ ਸੀ ਪਰ ਜਦੋਂ ਵਿਆਹ ਹੋਇਆ, ਤਦ ਜਟਿਲਤਾਵਾਂ ਨੇ ਘੇਰ ਲਿਆ। ਇਹ ਭਾਵ ਉਸ ਬਦਲਾਅ ਨੂੰ ਦਰਸਾਉਂਦਾ ਹੈ ਜਿੱਥੇ ਖੁਸ਼ੀ ਵਿਚ ਵਿਗਸਦਾ ਮਨ, ਲਗਾਵ ਅਤੇ ਅਹੰਕਾਰ ਕਾਰਨ ਪੈਦਾ ਹੋਣ ਵਾਲੇ ਦੁੱਖ ਦੀ ਪਕੜ ਵਿਚ ਆ ਜਾਂਦਾ ਹੈ।

ਫਰੀਦਾ ਏਹੋ ਪਛੋਤਾਉ ਵਤਿ ਕੁਆਰੀ ਨ ਥੀਐ ॥੬੩॥
ਫਰੀਦ ਕਹਿੰਦੇ ਹਨ ਕਿ ਮੁੜ-ਕੁਆਰੇ ਹੋਣਾ ਸੰਭਵ ਨਹੀਂ ਹੁੰਦਾ ਜਿਸ ਕਾਰਣ ਪਛਤਾਵੇ ਦੀ ਭਾਵਨਾ ਪੈਦਾ ਹੁੰਦੀ ਹੈ। ਇਹ ਭਾਵ ਉਜਾਗਰ ਕਰਦਾ ਹੈ ਕਿ ਸਮੇਂ ਅਤੇ ਅਨੁਭਵਾਂ ਦਾ ਵਹਿਣ ਕਦੇ ਪਿੱਛੇ ਨਹੀਂ ਮੁੜਦਾ। (੬੩)

ਤੱਤ: ਸ਼ੇਖ ਫ਼ਰੀਦ ਸਾਨੂੰ ਯਾਦ ਦਿਵਾਉਂਦੇ ਹਨ ਕਿ ਸਾਡੇ ਦੁਆਰਾ ਅਨੁਭਵ ਕੀਤਾ ਹਰ ਪਲ ਸਮੇਂ ਦੀ ਵਗਦੀ ਧਾਰਾ ਵਾਂਗ ਅਬਦਲ ਹੁੰਦਾ ਹੈ। ਮੁਖ ਵਿਚੋਂ ਨਿਕਲੇ ਸ਼ਬਦ ਕਦੇ ਵਾਪਸ ਨਹੀਂ ਹੁੰਦੇ, ਅਤੇ ਫ਼ੈਸਲਿਆਂ ਅਨੁਸਾਰ ਕੀਤੇ ਕਰਮ ਕਦੇ ਵਾਪਸ ਨਹੀਂ ਲਏ ਜਾ ਸਕਦੇ। ਸਮੇਂ ਦੀ ਧਾਰਾ ਸਿਰਫ਼ ਇਕੋ ਹੀ ਦਿਸ਼ਾ ਵੱਲ ਵਹਿੰਦੀ ਹੈ, ਭਾਵੇਂ ਅਸੀਂ ਇਸ ਧਾਰਾ ਦਾ ਵਿਰੋਧ ਕਰੀਏ ਜਾਂ ਇਸ ਦੇ ਵੇਗ ਨਾਲ ਵਹੀਏ, ਇਸ ਦੇ ਨਾਲ ਸਾਨੂੰ ਵਹਿਣਾ ਹੀ ਪੈਂਦਾ ਹੈ । ਇਸ ਅਟੱਲਤਾ ਵਿਚ ਬੀਤ ਚੁਕੇ ਸਮੇਂ ਦਾ ਸੱਚ ਵਿਦਮਾਨ ਹੁੰਦਾ ਹੈ, ਉਹ ਸੱਚ ਜਿਸ ਵੱਲ ਕਦੇ ਵਾਪਸ ਨਹੀਂ ਜਾਇਆ ਜਾ ਸਕਦਾ, ਪਰ ਉਸਦੀ ਸੂਝ ਵਿਚ ਹੋਰ ਗਹਿਰਾ ਉਤਰਿਆ ਜਾ ਸਕਦਾ ਹੈ। ਇਸ ਲਈ ਵਾਪਸੀ ਦਾ ਅਰਥ ਪਿੱਛੇ ਹਟਣਾ ਨਹੀਂ, ਸਗੋਂ ਆਪਣੇ ਅੰਤਹਕਰਣ ਦੀ ਮੁੜ ਸੁਰਜੀਤੀ ਲਈ ਅੱਗੇ ਵਧਣਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**